THE PUNJAB STATE BOARD OF TECHNICAL EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

No.PSBTE&IT/ITI/ **Very urgent** Date:

ਵੱਲ,

ਪ੍ਰਿੰਸੀਪਲ/ ਮੁੱਖ ਅਧਿਆਪਕ,
ਰਾਜ ਦੀਆਂ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਆਈ.ਟੀ.ਆਈ.
(ਐਸ.ਸੀ.ਵੀ.ਟੀ.ਕੋਰਸ ਸਬੰਧੀ)

**ਵਿਸ਼ਾ: ਐਸ.ਸੀ.ਵੀ.ਟੀ. ਪ੍ਰੀਖਿਆਵਾਂ ਸਤੰਬਰ-ਅਕਤੂਬਰ -2021 ਲਈ ਖਾਸ ਹਦਾਇਤਾਂ ਜਾਰੀ ਕਰਨ ਸਬੰਧੀ।**

ਸ੍ਰੀਮਾਨ ਜੀ,

ਦਸਿਆ ਜਾਂਦਾ ਹੈ ਕਿ ਵਿਸ਼ਾ ਜਿਕਰ ਮਾਮਲੇ ਸੰਬਧੀ ਜਾਰੀ ਹੋਈ ਡੇਟਸ਼ੀਟ ਅਨੁਸਾਰ ਆਈ.ਟੀ.ਆਈਜ ਦੀਆਂ SCVT ਦੀਆਂ ਪ੍ਰੀਖਿਆਵਾਂ ਰਾਜ ਅੰਦਰ ਸਤੰਬਰ-ਅਕਤੂਬਰ -2021 ਵਿੱਚ ਕਰਵਾਈਆਂ ਜਾਣੀਆ ਹਨ। ਬੀਤੇ ਸਮੇਂ ਦੀ ਤਰਜ ਤੇ ਪ੍ਰੈਕਟੀਕਲ ਪ੍ਰੀਖਿਆਵਾਂ ਆਪੋ-ਆਪਣੀ ਸੰਸਥਾ ਵਿਖੇ ਕੰਡਕਟ ਹੋਈਆਂ ਹਨ। ਡੇਟਸ਼ੀਟ ਦੀ ਜਾਣਕਾਰੀ ਨੂੰ ਬੋਰਡ ਵੈਬਸਾਈਟ ਰਾਹੀਂ ਸਮੂਹ ਸੰਸਥਾਵਾਂ ਦੇ ਧਿਆਨ ਵਿਚ ਬੋਰਡ ਵੈਬਸਾਈਟ ਅਨੁਸਾਰ ਲਿਆਇਆ ਜਾ ਚੁਕਾ ਹੈ। ਸਮੂਹ ਸੰਸਥਾਵਾਂ ਵਲੋਂ ਪ੍ਰੀਖਿਆਵਾਂ ਦੋਰਾਨ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ ਜੀ। ਇਸ ਸੰਬਧੀ ਦਫਤਰ ਵਲੋਂ ਜਰੂਰੀ ਹਦਾਇਤਾਂ (ਕਾਪੀ ਅਟੈਚ) ਨੂੰ ਜਾਰੀ ਕਰਕੇ ਆਪ ਜੀ ਦੇ ਧਿਆਨ ਵਿਚ ਲਿਆਇਆ ਜਾਂਦਾ ਹੈ ਅਤੇ ਸੁਚਿਤ ਕੀਤਾ ਜਾਂਦਾ ਹੈ ਕਿ ਇਹਨਾਂ ਹਦਾਇਤਾਂ ਨੂੰ ਆਪਣੇ ਸਟਾਫ ਦੇ ਧਿਆਨ ਵਿਚ ਲਿਆ ਕੇ ਇਹਨਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਪ੍ਰੀਖਿਆਵਾਂ ਦਾ ਕਾਰਜ ਹੋਰ ਸੁਚੱਜੇ ਢੰਗ ਨਾਲ ਹੋ ਸਕੇ। ਪ੍ਰੀਖਿਆਵਾਂ ਨਿਰਵਿਘਨ ਅਤੇ ਸਾਂਤ ਮਈ ਢੰਗ ਨਾਲ, ਪੱਖਪਾਤ ਤੋਂ ਰਹਿਤ ਕਰਵਾਉਣ ਦੇ ਉਪਰਾਲੇ ਕੀਤੇ ਜਾਣ ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਨਾ ਹੋ ਸਕੇ, ਜੇਕਰ ਅਜਿਹੀ ਕਿਸੇ ਘਟਨਾ ਦੀ ਸੁਚਨਾਂ ਪ੍ਰਾਪਤ ਹੋਵੇਗੀ ਤਾਂ ਮਾਮਲੇ ਨੂੰ ਮਾਣਯੋਗ ਚੇਅਰਮੈਨ ਸਾਹਿਬ ਦੇ ਧਿਆਨ ਵਿਚ ਦਫਤਰ ਵਲੋਂ ਲਿਆ ਦਿਤਾ ਜਾਵੇਗਾ।

ਇਹ ਸੁਚਨਾਂ ਆਪ ਜੀ ਦੀ ਜਾਣਕਾਰੀ/ ਅਗਲੇਰੀ ਕਾਰਵਾਈ ਹਿੱਤ ਹੈ।

-sd-

ਨੱਥੀ: (ਉਪਰੋਕਤ ਅਨੁਸਾਰ) 2060 ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)

23/09/22

ਉਪਰੋਕਤ ਦਾ ਇਕ ਉਤਾਰਾ ਹੇਠ ਦਰਸਾਇਆ ਨੂੰ ਜਾਣਕਾਰੀ/ ਰਿਕਾਰਡ ਹਿੱਤ ਭੇਜ ਦਿਤਾ ਜਾਵੇ ਜੀ: -

1. ਪੀ.ਏ. ਟੂ ਸਕੱਤਰ, ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ।
2. ਸਿਸਟਮ ਐਡਮਿਨਸਟ੍ਰੇਟਰ, ਇਸ ਪੱਤਰ ਦੀ ਜਾਣਕਾਰੀ ਨੂੰ ਅਪਲੋਡ ਕਰਨ ਹਿੱਤ।
3. ਜਿਲ੍ਹਿਆਂ ਦੇ ਕਾਰਜ ਨਾਲ ਸਬੰਧਤ ਆਈ.ਟੀ.ਆਈ.ਸ਼ਾਖਾ ਦੇ ਸਮੂਹ ਸੁਚਨਾਂ ਸਹਾਇਕ ਲਈ, ਦਫਤਰ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)

**ਰਾਜ ਦੀਆਂ ਸਰਕਾਰੀ/ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ, ਕੇਂਦਰਾਂ ਲਈ SCVT ਪ੍ਰੀਖਿਆਵਾਂ ਲਈ ਹਦਾਇਤਾਂ**

1. ਸਮੂਹ ਸੰਸਥਾਵਾਂ ਵਲੋਂ ਦੇਸ਼ ਸ਼ਮੇਤ ਰਾਜ ਵਿਖੇ ਫੈਲੀ covid 19 ਦੀ ਮਹਾਮਾਰੀ ਦੇ ਮਦਦੇਨਜਰ ਸਰਕਾਰੀ ਵਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।
2. ਪ੍ਰਿੰਸੀਪਲ/ਸੰਸਥਾ ਮੁੱਖੀ, ਬੋਰਡ ਦਫਤਰ ਵਲੋਂ ਜਾਰੀ ਕੀਤੇ ਹੁਕਮਾਂ/ਹਦਾਇਤਾਂ ਦਾ ਪੂਰਨ ਰੂਪ ਵਿਚ ਪਾਲਣਾ ਕਰਨੀ ਯਕੀਨੀ ਬਣਾਇਆ ਜਾਵੇ।
3. ਸਮੂਹ ਸੰਸਥਾਵਾਂ ਵਲੋਂ ਸਮੁੱਚੀ ਪ੍ਰੀਖਿਆਵਾਂ ਨੂੰ cctv ਨਿਗਰਾਨੀ ਹੇਠ ਕਰਾਇਆ ਜਾਵੇ ਅਤੇ ਰਿਕਾਰਡਿੰਗ/ਕਵਰੇਜ ਨੂੰ ਸ਼ੇਫ ਰੱਖਿਆ ਜਾਵੇ ਤਾਂ ਜੋ ਲੋੜ ਪੈਣ ਤੇ ਦਫਤਰ ਨੂੰ ਪੇਸ਼ ਕੀਤਾ ਜਾ ਸਕੇ।
4. ਉਦਯੋਗਿਕ ਸਿਖਲਾਈ ਸੰਸਥਾਵਾਂ/ਕੇਂਦਰਾਂ,ਆਰਟ ਐਂਡ ਕਰਾਫਟ,ਟੀਚਰ ਟ੍ਰੇਨਿੰਗ ਸੰਸਥਾਵਾਂ ਅਤੇ ਨੋਡਲ ਕੇਂਦਰਾਂ ਦੇ ਪ੍ਰਿੰਸੀਪਲਾਂ ਵਲੋਂ ਲੋੜੀਂਦੀ ਜਾਣਕਾਰੀ/ਸੂਚਨਾਂ ਨੂੰ ਸਾਂਝਾ ਕਰਨ ਲਈ ਆਪਸੀ ਪੂਰਣ ਸਹਿਯੋਗ ਰੱਖਿਆ ਜਾਵੇ।
5. ਪ੍ਰੀਖਿਆ ਕੇਂਦਰ ਆਪਣੇ ਸੈਂਟਰ ਵਿਖੇ SCVT ਸਕੀਮ ਅਧੀਨ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਲਈ ਲੋੜੀਂਦੀ ਸਟੇਸ਼ਨਰੀ,ਸਟੈਂਪਾ ਬੋਰਡ ਦਫਤਰ ਤੋਂ ਕੰਮਕਾਜੀ ਦਿਨਾਂ ਦੋਰਾਨ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਤੱਕ ਹਰ ਹਾਲਤ ਵਿੱਚ ਪ੍ਰਾਪਤ ਕਰ ਲੈਣ ਤਾਂ ਜੋ ਪ੍ਰੀਖਿਆ ਸਮੇਂ ਸਿਰ ਸ਼ੁਰੂ ਕਰਵਾਈ ਜਾ ਸਕੇ।
6. ਐਸ.ਸੀ.ਵੀ.ਟੀ.ਟ੍ਰੇਡਾਂ,ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਦੇ ਥਿਊਰੀ ਪੇਪਰ ਬਾਰ ਕੋਡ ਆਂਸਰ ਸ਼ੀਟਾਂ ਤੇ ਹੀ ਹੋਣੇ ਹਨ।
7. ਐਸ.ਸੀ.ਵੀ.ਟੀ. ਸਤਬੰਰ-ਅਕਤੂਬਰ 2022 ਦੀਆਂ ਪ੍ਰੀਖਿਆਵਾਂ ਉਤਰ ਕਾਪੀਆਂ ਤੇ ਹੋਣੀਆਂ ਹਨ
   1. ਐਸ.ਸੀ.ਵੀ.ਟੀ. ਟ੍ਰੇਡਾਂ ਦੀਆਂ ਰੀਅਪੀਅਰ ਪ੍ਰੀਖਿਆਵਾਂ ਪਿਛਲੀਆਂ ਪ੍ਰੀਖਿਆਵਾਂ ਅਨੁਸਾਰ ਉਤਰ ਕਾਪੀਆਂ ਤੇ ਹੋਣੀਆਂ ਹਨ ਜਿਨ੍ਹਾਂ ਦੀ ਰੀਅਪੀਅਰ ਵਿਦਿਆਰਥੀਆਂ ਵੱਲੋਂ ਪੂਰਵਲੇ ਸਮੇਂ ਦੀ ਤਰਜ ਅਨੁਸਾਰ ਹੀ ਵਰਤੋ ਕੀਤੀ ਜਾਵੇ

| | |
|---|---|
| Trade Theory | OMR |
| Workshop Science and Calculation | OMR |
| Engineering Drawing | Graph Paper |
| Employability Skill | OMR |

2(a).ਇਹਨਾਂ ਪ੍ਰੀਖਿਆਵਾਂ ਦੋਰਾਨ ਅਪੀਅਰ ਹੋਣ ਵਾਅਲੇ **ਰੈਗੂਲਰ ਸਿਖਿਆਰਥੀਆਂ** ਦੀਆਂ ਪ੍ਰੀਖਿਆਵਾਂ ਬੋਰਡ ਦਫਤਰ ਦੇ ਜਾਰੀ ਹੋਏ ਪੱਤਰ 1614 ਮਿਤੀ 20-7-22 (ਪੱਤਰ ਦੀ ਕਾਪੀ ਬੋਰਡ ਵੈਬਸਾਈਟ ਤੇ ਉਪਲਬਧ ਹੈ) ਦੀ ਰੋਸ਼ਨੀ ਵਿਚ ਇੰਜਨਿਅਰਿੰਗ ਟ੍ਰੇਡਾਂ ਦੀ ਥਿਊਰੀ ਪ੍ਰੀਖਿਆ **ਦੇ 4 ਵਿਸ਼ਿਆਂ ਦੀ ਪ੍ਰੀਖਿਆ ਇਕੋ ਓ.ਐਮ.ਆਰ ਸੀਟ** ਤੇ ਕੰਡਕਟ ਕਰਾਈ ਜਾਵੇ।

**For Engineering Trades: -**

| | |
|---|---|
| Trade Theory (Questions 38)<br>Workshop Science and Calculation (Questions 6)<br>Engineering Drawing (Questions 6)<br>Employability Skill (Questions 25)=75 Total Questions | ਕੇਵਲ ਇਕੋ OMR sheet ਤੇ 100 Answer (annual ਵਾਲੀ) ਜਿਸ ਵਿਚ 75 questions ਦੇ answer ਨੂੰ attempt ਕੀਤਾ ਜਾਵੇ |

2(b). ਨਾਨ ਇੰਜਨਿਅਰਿੰਗ ਟ੍ਰੇਡਾਂ ਦੀ ਥਿਊਰੀ ਪ੍ਰੀਖਿਆ ਦੇ **2 ਵਿਸ਼ਿਆਂ ਦੀ ਪ੍ਰੀਖਿਆ ਇਕੋ ਓ.ਐਮ.ਆਰ** ਤੇ ਕੰਡਕਟ ਕਰਵਾਈ ਜਾਵੇ।

**For Non Engineering Trades: -**

| | |
|---|---|
| Trade Theory (Questions 50)<br>Employability Skill (Questions 25)=75 Total Questions | ਕੇਵਲ ਇਕੋ OMR sheet ਤੇ 100 Answer (annual ਵਾਲੀ) ਜਿਸ ਵਿਚ 75 questions ਦੇ answer ਨੂੰ attempt ਕੀਤਾ ਜਾਵੇ |

8. OMR ਉੱਤਰ ਕਾਪੀਆਂ ਐਸ.ਸੀ.ਵੀ.ਟੀ.ਵਾਲੀਆਂ ਹੀ ਵਰਤੀਆਂ ਜਾਣ। ਜੇਕਰ ਕੋਈ ਸੰਸਥਾ NCVT ਵਾਲੀਆਂ OMR ਉੱਤਰ ਕਾਪੀਆਂ ਐਸ.ਸੀ.ਵੀ.ਟੀ ਵਿਚ ਵਰਤਦੀਆਂ ਹਨ ਤਾਂ ਜਾਰੀ ਹੋਣ ਵਾਲੇ ਨਤੀਜੇ ਵਿਚੇ ਕਿਸੇ ਕਿਸਮ ਦੀ ਤਰੁਟੀ ਦੀ ਜਿਮੇਵਾਰ ਸੰਬਧਤ ਸੰਸਥਾ ਦੀ ਆਪਣੀ ਹੋਵੇਗੀ।

9. SCVT ਕੋਰਸਾਂ ਨੂੰ ਚਲਾਉਣ ਵਾਲੀਆਂ ਸਮੂਹ ਸੰਸਥਾਵਾਂ ਵਲੋਂ ਇਸ ਪ੍ਰੀਖਿਆ ਦੋਰਾਨ ਆਪਣੀ ਸੰਸਥਾ ਦੇ ਅਪੀਅਰ ਹੋਣ ਵਾਲੇ ਯੋਗ,ਚਾਹਵਾਨ ਸਿਖਿਆਰਥੀਆਂ ਦੀ ਗਿਣਤੀ ਬਾਰੇ ਪ੍ਰੀਖਿਆ ਦੋਰਾਨ ਆਪਣੀ ਸੰਸਥਾ ਦੇ ਅਪੀਅਰ ਹੋਣ ਵਾਲੇ ਯੋਗ,ਚਾਹਵਾਨ ਸਿਖਿਆਰਥੀਆਂ ਦੀ ਗਿਣਤੀ ਬਾਰੇ ਪ੍ਰੀਖਿਆ ਕੇਦਰਾਂ ਨੂੰ ਸੂਚਿਤ ਕੀਤਾ ਜਾਣਾ ਜਰੂਰੀ ਹੈ।

10. ਪ੍ਰੀਖਿਆ ਕੇਂਦਰ ਆਪਣੀ ਸੰਸਥਾ ਦੀ ਪ੍ਰੀਖਿਆ ਵਿਚ ਇਸਤੇਮਾਲ ਹੋਣ ਵਾਲੀ ਸਟੇਸ਼ਨਰੀ ਦੀ ਡਿਮਾਂਡ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨਾਲ ਤਾਲਮੇਲ ਕਰਕੇ ਉਹਨਾਂ ਦੀ ਸਟੇਸ਼ਨਰੀ ਦੀ ਡਿਮਾਡ ਨਾਲ consolidate (ਐਸ.ਸੀ.ਵੀ.ਟੀ.ਟ੍ਰੇਡਾਂ ,ਆਰਟ ਐਡੰ ਕਰਾਫਟ ਅਤੇ ਟੀਚਰ ਟ੍ਰੇਨਿੰਗ ਕੋਰਸਾਂ) ਕਰਕੇ ਲੋੜੀਂਦੀ ਸਟੇਸ਼ਨਰੀ ਬੋਰਡ ਦਫਤਰ ਤੋਂ ਪ੍ਰੀਖਿਆ ਤੋਂ ਪਹਿਲਾਂ ਹਰ ਹਾਲਤ ਵਿਚ ਲੈਣਾ ਯਕੀਨੀ ਬਨਾਉਣਗੇ।

11. ਪ੍ਰੀਖਿਆ ਕੇਦਂਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਐਨੂਅਲ ਸਿਸਟਮ ਦੇ ਸਿਖਿਆਰਥੀਆਂ ਨੂੰ ਐਨੂਅਲ ਸਿਸਟਮ ਵਾਲੀ ਹੀ ੳ.ਐਮ.ਆਰ.ਸ਼ੀਟ ਦਿੱਤੀ ਜਾਵੇ ਅਤੇ ਸਮੈਸਟਰ ਸਿਸਟਮ ਦੇ ਸਿਖਿਆਰਥੀਆਂ ਨੂੰ ਸਮੈਸਟਰ ਸਿਸਟਮ ਵਾਲੀ ਹੀ ੳ.ਐਮ.ਆਰ.ਸ਼ੀਟ ਦਿੱਤੀ ਜਾਵੇ।ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਵਾਲੇ ਸਿਖਿਆਰਥੀਆਂ ਨੂੰ ਬਾਰ ਕੋਡ ਵਾਲੀ ਉਤਰ ਕਾਪੀਆਂ ਤੇ ਹੀ ਪ੍ਰੀਖਿਆ ਕਰਵਾਈ ਜਾਵੇ।

12. ਪ੍ਰੀਖਿਆ ਕੇਂਦਰ ਦੂਰ ਹੋਣ ਦੀ ਸੂਰਤ ਵਿੱਚ ਸੰਸਥਾ ਦੇ ਮੁਖੀ ਸੰਸਥਾ ਦੇ ਸਿਖਿਆਰਥੀਆਂ ਨੂੰ ਪ੍ਰੀਖਿਆ ਦੋਰਾਨ ਟਰਾਂਸਪੋਰਟ ਦਾ ਇੰਤਜਾਮ ਕਰਕੇ ਪ੍ਰਿਖਿਆ ਕੇਂਦਰ ਵਿੱਚ ਸਮੇਂ ਸਿਰ ਪੁਹੰਚਾਉਣਾ ਯਕੀਨੀ ਬਨਾਉਣਗੇ।

13. ਉਪਰੋਕਤ ਪ੍ਰੀਖਿਆ ਵਿੱਚ ਕੇਵਲ ਉਹਨਾਂ ਵਿਦਿਆਰਥੀਆਂ ਨੂੰ ਪੇਪਰ ਦੇਣ ਦੀ ਆਗਿਆ ਦਿਤੀ ਜਾਵੇ ਜਿਨ੍ਹਾਂ ਪਾਸ ਬੋਰਡ ਦਫਤਰ ਦੇ ਪੋਰਟਲ ਦੁਆਰਾ ਜਾਰੀ ਕੀਤੇ ਗਏ ਹਾਲ ਟਿਕਟ/ ਰੋਲਨੰਬਰ ਸਲਿੱਪ ਉਪਲੱਬਧ ਹੋਣ।

14. ਸਮੂਹ ਸੰਸਥਾਵਾਂ ਵਲੋਂ ਸਿਖਿਆਰਥੀਆਂ ਨੂੰ ਥਿਊਰੀ ਪ੍ਰੀਖਿਆ ਦੋਰਾਨ ਲੋੜ ਅਨੁਸਾਰ ਗੱਤਾ (Card Board) ਲਿਆਉਣ ਲਈ ਪ੍ਰੇਰਿਆ ਜਾਵੇ।

15. ਸਮੂਹ ਪ੍ਰੀਖਿਆ ਕੇਂਦਰ ਪ੍ਰੀਖਿਆ ਸ਼ੁਰੂ ਹੋਣ ਤੋ ਪਹਿਲਾਂ ਫੋਟੋਸਟੇਟ ਮਸ਼ੀਨ, 2 ਇੰਟਰਨੈਟ ਕਨੈਕਸ਼ਨ (ਵੱਖ ਵੱਖ ਟੈਲੀਕੋਮ ਸਰਵਿਸ ਪ੍ਰੋਵਾਇਡਰਾਂ ਤੋਂ) ਦਾ ਪ੍ਰਬੰਧ ਆਪਣੇ ਪੱਧਰ ਤੇ ਕਰਨਾ ਯਕੀਨੀ ਬਨਾਉਣਗੇ।

16. ਪ੍ਰੀਖਿਆ ਕੇਂਦਰਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਹੁਲੜ-ਬਾਜੀ ਨੂੰ ਰੋਕਣ ਲਈ security/ ਪੁਲਿਸ ਆਦਿ ਦਾ ਪ੍ਰਬੰਧ ਪ੍ਰੀਖਿਆਵਾਂ ਦੋਰਾਨ ਕਰਨਾ ਯਕੀਨਾ ਬਣਾਇਆ ਜਾਵੇ। ਇਸ ਸਬੰਧੀ ਲੋੜੀਂਦੀ ਕਾਰਵਾਈ ਲਈ ਸੰਸਥਾ ਦੇ ਪ੍ਰਿੰਸੀਪਲ/ ਮੁੱਖੀ ਵਲੋਂ ਆਪਣੇ ਜਿਲ੍ਹੇ ਦੇ ਡਿਪਟੀ ਕਮੀਸ਼ਨਰ/ ਐਸ.ਐਸ.ਪੀ.ਨਾਲ ਰਾਬਤਾ ਕੀਤਾ ਜਾਵੇ।

17. ਪ੍ਰੀਖਿਆ ਦੋਰਾਨ ਪ੍ਰੀਖਿਆ ਕੇਂਦਰਾਂ ਵਿੱਚ ਬਿਜਲੀ ਦੀ ਲਗਾਤਾਰ ਸਪਲਾਈ ਦਾ ਉਚਿਤ ਪ੍ਰਬੰਧ ਕਰਨ ਲਈ ਸੰਸਥਾ ਮੁੱਖੀ/ਪ੍ਰਿੰਸੀਪਲ ਆਪਣੇ ਖੇਤਰ ਦੇ ਬਿਜਲੀ ਵਿਭਾਗ ਦੇ ਉਚ ਅਧਿਕਾਰੀ ਨਾਲ ਤਾਲਮੇਲ ਕਰਕੇ ਯੋਗ ਕਾਰਵਾਈ ਕਰਨਗੇ। ਇਸ ਤੋਂ ਇਲਾਵਾ ਅਪਾਤਕਾਲੀਨ ਸਮੇਂ ਦੋਰਾਨ ਲੋੜ ਅਨੁਸਾਰ ਜਨਰੇਟਰ/ UPS ਆਦਿ ਦਾ ਵੀ ਆਪਣੀ ਸੰਸਥਾ ਦੇ ਪੱਧਰ ਤੇ ਲੋੜੀਂਦਾ ਪ੍ਰਬੰਧ ਕਰਨਾ ਯਕੀਨੀ ਬਨਾਉਣਗੇ।

18. ਪ੍ਰੀਖਿਆ ਹਾਲ/ਕੇਂਦਰ ਵਿੱਚ ਕਿਸੇ ਵੀ ਇੰਨਵੀਜੀਲੇਸ਼ਨ ਸਟਾਫ/ਵਿਦਿਆਰਥੀ ਨੂੰ ਮੋਬਾਇਲ ਫੋਨ ਲੈਕੇ ਜਾਣ ਦੀ ਆਗਿਆ ਨਹੀਂ ਹੋਵੇਗੀ।

19. ਸਮੂਹ ਸੰਸਥਾਵਾਂ ਵਿਦਿਆਰਥੀਆਂ ਦੇ ਹਿਤ ਵਿੱਚ ਇਹ ਯਕੀਨੀ ਬਨਾਉਣਗੀਆਂ ਕਿ ਪ੍ਰੀਖਿਆ ਸਬੰਧੀ ਬੋਰਡ ਦਫਤਰ ਅਤੇ ਡੀ.ਜੀ.ਟੀ.ਨਵੀਂ ਦਿੱਲੀ ਦੁਆਰਾ ਸਮੇਂ ਸਮੇਂ ਤੇ ਭੇਜੀਆ ਗਈਆ ਹਦਾਇਤਾਂ ਨੂੰ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੇ ਇੰਨਬਿੰਨ ਪਾਲਣਾ ਲਈ ਧਿਆਨ ਵਿੱਚ ਲਿਆਉਣ ਹਿਤ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ। ਇਸ ਨੂੰ Wide publicity ਦਿੱਤੀ ਜਾਵੇ ਅਤੇ ਇਹਨਾਂ ਹਦਾਇਤਾਂ ਨੂੰ ਸੰਸਥਾ ਦੇ ਨੋਟਿਸ ਬੋਰਡ ਤੇ ਵੀ ਲਗਾਇਆ ਜਾਵੇ।

20. ਉਪਰੋਕਤ ਤੋ ਇਲਾਵਾ ਸੰਸਥਾਵਾ ਦੇ ਪ੍ਰਿੰਸੀਪਲ/ਮੁੱਖੀ ਇਹ ਯਕੀਨੀ ਬਨਾਉਣਗੇ ਕਿ ਥਿਊਰੀ ਪ੍ਰੀਖਿਆ ਸ਼ੁਰੂ ਹੋਣ ਤੋ ਪਹਿਲਾਂ ਪ੍ਰੀਖਿਆ ਸਬੰਧੀ ਜਰੂਰੀ ਹਦਾਇਤਾਂ ਇਂਲਵੀਜੀਲੇਸ਼ਨ ਸਟਾਫ/ਟੀਚਰਾਂ ਤੇ ਵਿਦਿਆਰਥੀਆਂ(ੳ.ਐਮ.ਆਰ.ਸ਼ੀਟਾਂ ਭਰਨ ਸਬੰਧੀ) ਨੂੰ ਦੇਣ ਲਈ ਆਪਣਾ ਸੰਸਥਾ ਵਿਖੇ ਇੱਕ ਦਿਨ ਦਾ ਸੈਮੀਨਾਰ ਅਯੋਜਿਤ ਕੀਤਾ ਜਾਵੇ। ਇਸ ਸਬੰਧ ਵਿੱਚ ਟੀਚਰਾਂ ਵਲੋਂ ਸਮੂਹ ਵਿਦਿਆਰਥੀਆਂ ਨੂੰ ਕਲਾਸਾਂ ਵਿੱਚ ਬੋਰਡ

ਦਫਤਰ ਵਲੋ ਜਾਰੀ ਅਤੇ ਡੀ.ਜੀ.ਟੀ.ਨਵੀਂ ਦਿੱਲੀ ਵਲੋ ਜਾਰੀ ਹਦਾਇਤਾਂ ਪੜ੍ਹਕੇ ਸੁਨਾਈਆਂ ਜਾਣ ਅਤੇ ਸਮੱਝਾਈਆਂ ਵੀ ਜਾਣ ਤਾਂ ਜੋ ਵਿਦਿਆਰਥੀਆਂ ਦੁਆਰਾ ਪਿਛਲੀ ਪ੍ਰੀਖਿਆ ਦੌਰਾਨ ਓ.ਐਮ.ਆਰ.ਸ਼ੀਟ ਭਰਨ ਸਮੇ ਕੀਤੀਆਂ ਗਈਆਂ ਅਣਗਹਿਲੀਆਂ/ਗਲਤੀਆਂ ਨੂੰ ਦੁਹਰਾਇਆ ਨਾਂ ਜਾਵੇ।ਓ.ਐਮ.ਆਰ.ਸ਼ੀਟਾਂ ਦੀ ਫੋਟੋਕਾਪੀ ਲੈ ਕੇ ਇਸ ਤੇ ਸਿਖਿਆਰਥੀਆਂ ਦਾ ਪ੍ਰੈਕਟਿਸ ਕਰਵਾਈ ਜਾਵੇ।

21. ਪ੍ਰੀਖਿਆ ਕੰਡਕਟ ਕਰਵਾਉਣ ਲਈ invigilation ਸਟਾਫ ਦੀਆਂ ਡਿਊਟੀਆਂ ਬੋਰਡ ਦੇ ਪ੍ਰੀਖਿਆ ਰੂਲਾਂ ਮੁਤਾਬਕ ਹੀ ਲਗਾਈਆਂ ਜਾਣ।
22. ਪ੍ਰੀਖਿਆ ਦੌਰਾਨ ਮਿਲਦੀ-ਜੁਲਦੀ ਟਰੇਡਾਂ ਦੇ ਪ੍ਰਸ਼ਨ ਪੱਤਰ ਵੰਡਦੇ ਸਮੇਂ ਇਹ ਖਾਸ ਧਿਆਨ ਵਿੱਚ ਰਖਿਆ ਜਾਵੇ ਕਿ ਵਿਦਿਆਰਥੀਆਂ ਨੂੰ ਉਸ ਟਰੇਡ ਦਾ ਪ੍ਰਸ਼ਨ ਪੱਤਰ ਹੀ ਦਿੱਤਾ ਗਿਆ ਹੈ,ਜਿਸ ਟਰੇਡ ਵਿੱਚ ਉਸ ਨੂੰ ਹਾਲ ਟਿਕਟ/ਰੋਲ ਨੰਬਰ ਜਾਰੀ ਹੋਇਆ ਹੈ।
23. ਵਿਦਿਆਰਥੀਆਂ ਦੇ ਹਾਜਰੀ-ਸ਼ੀਟ ਤੇ ਹਸਤਾਖਰ ਲੈਣ ਵਾਲੇ ਕਰਮਚਾਰੀ ਦਾ ਰਿਕਾਰਡ ਵੀ ਰਖਿਆ ਜਾਵੇ। ਵਿਦਿਆਰਥੀਆਂ ਦੀ ਹਾਜਰੀ-ਸ਼ੀਟ ਦਾ ਕੋਈ ਵੀ ਕਾਲਮ ਖਾਲੀ ਨਹੀਂ ਹੋਣਾ ਚਾਹੀਦਾ। ਜੇਕਰ ਕੋਈ ਵਿਦਿਆਰਥੀ ਪ੍ਰੀਖਿਆ ਵਿੱਚ ਗੈਰ-ਹਾਜਰ ਹੈ ਤਾਂ ਉਸ ਦੇ ਰੋਲ ਨਬੰਰ ਦੇ ਅੱਗੇ absent ਲਿਖਿਆ ਜਾਵੇ ਅਤੇ ਹਾਜਰੀ ਸ਼ੀਟ ਦੀ ਇੱਕ ਕਾਪੀ ਪ੍ਰੀਖੀਆ ਕੇਂਦਰ ਵਲੋ ਆਪਣੇ ਰਿਕਾਰਡ ਵਿੱਚ ਵੀ ਜਰੂਰ ਰਖੀ ਜਾਵੇ।
24. ਪ੍ਰੀਖਿਆਵਾਂ ਦੇ ਸੁਪਰਡੰਟ ਇਹ ਯਕੀਨੀ ਬਨਾਉਣਗੇ ਕਿ ਕਿਸੇ ਵੀ ਵਿਦਿਆਰਥੀ ਦਾ ਯੂ.ਐਮ.ਸੀ.ਕੇਸ ਬੋਰਡ ਦੇ ਰੂਲਾਂ ਮੁਤਾਬਕ ਅਤੇ ਨਿਰਧਾਰਤ ਪ੍ਰੋਫਾਰਮੇ ਤੇ ਸਮੂੱਚੇ ਕਾਲਮ ਭਰ ਕੇ ਤੁਰੰਤ ਬੋਰਡ ਦਫਤਰ ਨੂੰ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਵੇ, ਅਜਿਹੇ ਕੇਸ ਬਾਰੇ ਅਡਵਾਂਸ ਵਜੋਂ ਤੁਰੰਤ ਜਾਣਕਾਰੀ ਨੂੰ ceitipb@gmail.com ਤੇ ਜਰੂਰ ਸਾਂਝਾ ਕੀਤਾ ਜਾਵੇ। ਯੂ.ਐਮ.ਸੀ.ਕੇਸ ਦੇ ਦਸਤਾਵੇਜ਼ ਵੱਖਰੇ ਤੌਰ ਤੇ ਪੈਕ ਕਰਕੇ ਭੇਜੇ ਜਾਣ। ਯੂ.ਐਮ.ਸੀ.ਕੇਸਾਂ ਦੇ ਬਾਹਰ ਪੈਕਟ ਉਤੇ ਸਪਸ਼ਟ "UMC"(Unfair mean case) ਲਿਖਿਆ ਜਾਵੇ।
25. ਪ੍ਰੀਖਿਆ ਕੇਂਦਰ ਵਿੱਚ invigilation ਸਟਾਫ ਸਿਖਿਆਰਥੀਆਂ ਦੀਆਂ ਓ.ਐਮ.ਆਰ.ਸ਼ੀਟਾਂ ਤੇ ਹਸਤਾਖਰ ਕਰਨ ਤੋ ਪਹਿਲਾਂ ਇਹ ਯਕੀਨੀ ਬਨਾਉਣਗੇ ਕਿ ਸਿਖਿਆਰਥੀਆਂ ਨੇ ਓ.ਐਮ.ਆਰ.ਸੀਟਾਂ ਤੇ ਰੋਲ ਨੰਬਰ, ਟਰੇਡ ਕੋਡ,ਸਮੈਸਟਰ,ਪੇਪਰ ,ਸੈਸ਼ਨ ਅਤੇ ਮਿਤੀ ਆਦਿ ਡੀਟੇਲਾਂ ਸਹੀ ਭਰੀਆਂ ਹੋਣ ਅਤੇ ਉਸੇ ਅਨੁਸਾਰ ਹੀ ਸਹੀ ਕਾਲਮ ਕਾਲੇ ਕਰ ਦਿਤੇ ਹੋਣ। ਓ.ਐਮ.ਆਰ.ਸੀਟਾਂ ਦੀ ਪੈਕਿੰਗ ਕਰਨ ਤੋ ਪਹਿਲਾਂ ਪ੍ਰੀਖਿਆ ਸੁਪਰਡੰਟ ਅਤੇ ਡਿਪਟੀ ਸੁਪਰਡੰਟ ਨਿੱਜੀ ਤੋਰ ਤੇ ਵੀ ਇਹ ਚੈਕ ਕਰਨਗੇ ਕਿ ਸਿਖਿਆਰਥੀਆਂ ਦੁਆਰਾ ਉਪਰੋਕਤ ਦਰਸਾਏ ਅਨੁਸਾਰ ਸਾਰਾ ਵੇਰਵਾ ਠੀਕ ਭਰਿਆ ਹੋਇਆ ਹੈ। ਇਸ ਵਿੱਚ ਕੀਤੀ ਗਈ ਕੋਈ ਵੀ ਅਣਗਹਿਲੀ ਦੀ ਸੂਰਤ ਵਿੱਚ ਸੰਸਥਾ ਨੂੰ ਪ੍ਰੀਖਿਆ ਕੰਡਕਟ ਕਰਵਾਉਣ ਲਈ ਦਿੱਤਾ ਜਾਣ ਵਾਲਾ ਮਾਨਭੇਟਾਂ ਰੱਦ ਕਰ ਦਿੱਤਾ ਜਾਵੇਗਾ ਅਤੇ ਸਬੰਧਤ ਸਟਾਫ ਵਿਰੁੱਧ ਪ੍ਰਸ਼ਾਸਕੀ ਕਾਰਵਾਈ ਲਈ ਤਕਨੀਕੀ ਸਿੱਖਿਆ ਵਿਭਾਗ ਨੂੰ ਦਫਤਰ ਵਲੋਂ ਸੂਚਿਤ ਕੀਤਾ ਜਾਵੇਗਾ।
26. ਪ੍ਰੀਖਿਆ ਸ਼ੁਰੂ ਹੋਣ ਤੋ ਪਹਿਲਾਂ ਸੁਪਰਡੰਟ ਪ੍ਰੀਖਿਆ ਇਨਵੀਜਾਲੇਸ਼ਨ ਸਟਾਫ ਨੂੰ ਇਹ ਖਾਸ ਤੌਰ ਤੇ ਦੱਸੇਗਾ ਕਿ ਪ੍ਰੀਖਿਆ ਦੇ ਹਰ ਇੱਕ ਦਿਨ ਵਿਦਿਆਰਥੀਆਂ ਦੁਆਰਾ ਪੇਪਰ ਓ.ਐਮ.ਆਰ.ਸ਼ੀਟ ਦੇ ਕਿਸ ਭਾਗ ਵਿੱਚ ਕੀਤਾ ਜਾਣਾ ਹੈ। ਇਸ ਉਪਰੰਤ ਡਿਪਟੀ ਸੁਪਰਡੰਟ/ਕੋਈ ਇਨਵੀਜੀਲੇਟਰ ਪ੍ਰੀਖਿਆ ਹਾਲ/ਕਮਰੇ ਵਿੱਚ ਵਿਦਿਆਰਥੀਆਂ ਨੂੰ ਪ੍ਰੀਖਿਆ ਸ਼ੁਰੂ ਹੋਣ ਤੋ ਪਹਿਲਾਂ ਵਿਸ਼ੇਸ਼ ਤੌਰ ਤੇ ਬੋਲ ਕੇ ਦੱਸੇਗਾ ਕਿ ਪੇਪਰ ਓ.ਐਮ.ਆਰ ਸ਼ੀਟ ਦਿ ਕਿਸ ਭਾਗ ਵਿੱਚ ਕੀਤਾ ਜਾਣਾ ਹੈ। ਇਸ ਉਪਰੰਤ ਇਨਵੀਜੀਲੇਟਰ ਅਲਾਟ ਕੀਤੇ ਗਏ ਵਿਦਿਆਰਥੀਆਂ ਦੀਆਂ ਓ.ਐਮ.ਆਰ. ਸ਼ੀਟਾਂ ਤੇ ਹਸਤਾਖਰ ਕਰਨ ਤੋ ਪਹਿਲਾਂ ਇਹ ਮੁੜ ਯਕੀਨੀ ਬਣਾਵੇਗਾ ਕਿ ਵਿਦਿਆਰਥੀਆਂ ਦੁਆਰਾ ਪੇਪਰ ਸਹੀ ਭਾਗ ਤੇ ਕੀਤਾ ਜਾ ਰਿਹਾ ਹੈ।
27. ਪ੍ਰੀਖਿਆਵਾਂ ਦੌਰਾਨ ਪ੍ਰੀਖਿਆ ਕੇਂਦਰ/ ਸੰਸਥਾ ਵਲੋਂ ਕਿਸੇ ਅਜਿਹੇ ਸਟਾਫ ਦੀ ਤੈਨਾਤੀ ਨਾ ਕੀਤੀ ਜਾਵੇ ਜਿਸ ਪ੍ਰਤੀ ਪ੍ਰੀਖਿਆਵਾਂ ਸੰਬਧੀ ਕੋਈ ਪਿੱਛਲੀ ਸ਼ਿਕਾਇਤ ਪੈਂਡਿੰਗ ਹੋਵੇ, ਅਜਿਹੇ ਸਟਾਫ ਦੀ ਪ੍ਰੀਖਿਆਵਾਂ ਦੌਰਾਨ ਡਿਊਟੀ ਨਾ ਲਗਾਈ ਜਾਵੇ।
28. ਪ੍ਰੀਖਿਆ ਕੇਂਦਰ ਦੇ invigilator ਸਟਾਫ ਵਲੋਂ ਸਿਖਿਆਰਥੀਆਂ ਦੀਆਂ ਡਰਾਇੰਗ ਪੇਪਰਾਂ ਤੇ ਹਸਤਾਖਰ ਕਰਨ ਤੋਂ ਪਹਿਲਾਂ ਇਹ ਯਕੀਨੀ ਬਨਾਉਣਗੇ ਕਿ ਸਿਖਿਆਰਥੀਆਂ ਵਲੋਂ ਉਕਤ ਦਿੱਤੇ ਗਏ ਕਾਲਮਾਂ ਤੋਂ ਇਲਾਵਾ ਸਮੈਸਟਰ , ਟਰੇਡ ਦਾ ਨਾਂ ਅਤੇ ਪ੍ਰੀਖਿਆ ਮਿਤੀ ਜਰੂਰ ਅਤੇ ਸਹੀ ਭਰੀ ਗਈ ਹੋਵੇ।

29. ਪੈਕਟ ਸੀਲ ਕਰਨ ਦੋਰਾਨ ਉਤਰਕਾਪੀਆਂ ਦੇ ਹਰ ਪੈਕਟ ਨਾਲ ਪ੍ਰਸ਼ਨ ਪੱਤਰ ਅਤੇ ਹਾਜ਼ਰੀ ਸ਼ੀਟ ਦੀ ਇਕ ਕਾਪੀ ਨੂੰ ਜਰੂਰ ਰੱਖਿਆ ਜਾਵੇ ।

30. ਪ੍ਰੈਕਟੀਕਲ ਦੌਰਾਨ ਬਣਾਈਆਂ ਗਈਆਂ ਜੋਬਾਂ ਨੂੰ ਸੀਲ ਕਰਕੇ ਸੰਸਥਾਵਾਂ ਵਲੋਂ ਸੰਭਾਲ ਕੇ ਰੱਖਿਆ ਜਾਵੇ ਤਾਂ ਜੋ ਲੋੜ ਪੈਣ ਤੇ ਰਿਕਾਰਡ ਲਈ ਪੇਸ਼ ਕੀਤਾ ਜਾ ਸਕੇ ।

ਉਪਰੋਕਤ ਦਰਸਾਈਆਂ ਹਦਾਇਤਾਂ ਦਾ ਪ੍ਰੀਖਿਆ ਕੇਂਦਰਾਂ ਦੇ ਪ੍ਰਿੰਸੀਪਲ ਅਤੇ ਸੁਪਰਡੰਟ ਦੁਆਰਾ ਇੰਨਬਿੰਨ ਪਾਲਣਾ ਕਰਨੀ/ਕਰਵਾਉਣੀ ਯਕੀਨੀ ਬਣਾਈ ਜਾਵੇ । ਕਿਸੇ ਵੀ ਤਰਾਂ ਦੀ ਅਣਗਹਿਲੀ ਜਾਂ ਕੁਤਾਹੀ ਦੀ ਸੂਰਤ ਵਿੱਚ ਸਮੁੱਚੀ ਜਿੰਮੇਵਾਰੀ ਪ੍ਰੀਖਿਆ ਕੇਂਦਰ ਦੇ ਮੁੱਖੀ ਅਤੇ ਪ੍ਰੀਖਿਆ ਸੁਪਰਡੰਟ ਦੀ ਹੋਵੇਗੀ । ਉਪਰੋਕਤ ਹਦਾਇਤਾਂ ਦੀ ਕਿਸੇ ਵੀ ਪ੍ਰਕਾਰ ਦੀ ਉਲੰਘਣਾ ਦੀ ਸੂਰਤ ਵਿੱਚ ਜੇ ਕੋਈ ਵਿਦਿਆਰਥੀ ਦੁਆਰਾ ਕੋਰਟ ਕੇਸ ਕੀਤਾ ਜਾਂਦਾ ਹੈ ਤਾਂ ਸਮੁੱਚੀ ਜਿੰਮੇਵਾਰੀ ਸੰਸਥਾ ਦੇ ਪ੍ਰਿੰਸੀਪਲ ਦੀ ਠਹਿਰਾਈ ਜਾਵੇਗੀ ।

ਨੋਟ- ਸਮੂਹ ਪ੍ਰੀਖਿਆ ਕੇਂਦਰ/ਸੰਸਥਾਵਾ ਇਹ ਖਾਸ ਤੋਰ ਤੇ ਯਕੀਨੀ ਬਨਾਉਣਗੀਆਂ ਕਿ ਪ੍ਰੀਖਿਆ ਸਬੰਧੀ ਹਦਾਇਤਾਂ ਤੋਂ ਅਪਡੇਟ ਹੋਣ ਲਈ ਤੁਰੰਤ ਪ੍ਰਭਾਵ ਤੋਂ ਪੰਜਾਬ ਬੋਰਡ ਦੀ ਵੈਬਸਾਇਟ (punjabteched.net ਅਤੇ punjabteched.com) ਤੇ ਆਈ.ਟੀ.ਆਈ. ਸ਼ਾਖਾ ਸਬੰਧੀ ਲਿੰਕ ਅਧੀਨ announcement ਰੋਜਾਨਾ ਘਟੋ ਘੱਟ ਤਿੰਨ ਵਾਰ (ਸਵੇਰੇ 9 ਵਜੇ , ਦੁਪਹਿਰ 1ਵਜੇ ਅਤੇ ਸ਼ਾਮ 5 ਵਜੇ) ਜਰੂਰ ਚੈਕ ਕਰਨ। ਪ੍ਰੀਖਿਆ ਦੋਰਾਨ ਕਿਸੇ ਵੀ ਤਰ੍ਹਾਂ ਜੀ ਮੁਸ਼ਕਲ ਆਉਣ ਦੀ ਸੂਰਤ ਵਿੱਚ ਸ਼ਾਖਾ ਵਿਖੇ ਸ਼ਾਖਾ ਅਧਿਕਾਰੀ ਨਾਲ ਸੰਪਰਕ ਕੀਤਾ ਜਾਵੇ ।